The true picture of your local community
NZ ਤਸਵੀਰ NEWS
www.nztasveernews.co.nz | ਪੰਜਾਬੀ ਅਖ਼ਬਾਰ | NZ Tasveer News
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
# NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom $95
5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੈਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
Contact : Raj 021 8740 730, 0800 253 2687
www.redcleaning.co.nz

21 Febuary 2019 Daily, editornztasveer@gmail.com designnztasveer@gmail.com Ph/Fax: 09 390 4644 FREE

## ਨਿਊਜ਼ੀਲੈਂਡ ਦੇ ਖਿਡਾਰੀ ਟੇਲਰ ਦਾ ਵੱਡਾ ਕਾਰਨਾਮਾ, ਅਜਿਹਾ ਕਰਨ ਵਾਲੇ ਨਿਊਜ਼ੀਲੈਂਡ ਦੇ ਪਹਿਲੇ ਬੱਲੇਬਾਜ਼

ਟਿਮ ਸਾਊਥੀ ਦੇ 6 ਵਿਕਟਾਂ ਅਤੇ ਰੌਸ ਟੇਲਰ ਦੇ ਰਿਕਾਰਡ ਅਰਧ ਸੈਂਕੜੇ ਦੀ ਮਦਦ ਨਾਲ ਨਿਊਜ਼ੀਲੈਂਡ ਨੇ ਤੀਜੇ ਅਤੇ ਆਖਰੀ ਵਨ ਡੇ ਕੌਮਾਂਤਰੀ ਕ੍ਰਿਕਟ ਮੈਚ ਵਿਚ ਬੁੱਧਵਾਰ ਨੂੰ ਬੰਗਲਾਦੇਸ਼ ਨੂੰ 88 ਦੌੜਾਂ ਨਾਲ ਕਰਾਰੀ ਹਾਰ ਦੇ ਕੇ ਸੀਰੀਜ਼ ਨੂੰ 3-0 ਨਾਲ ਕਲੀਨ ਸਵੀਪ ਕੀਤਾ। ਇਸ ਤੋਂ ਪਹਿਲਾਂ ਟੇਲਰ ਨੇ 81 ਗੇਂਦਾਂ 'ਤੇ 69 ਦੌੜਾਂ ਬਣਾਈਆਂ ਅਤੇ ਉਹ ਨਿਊਜ਼ੀਲੈਂਡ ਵੱਲੋਂ ਵਨ ਡੇ ਵਿਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਬੱਲੇਬਾਜ਼ ਬਣ ਗਏ। ਟੇਲਰ ਤੋਂ ਇਲਾਵਾ ਹੈਨਰੀ ਨਿਕੋਲਸ (64) ਅਤੇ ਟਾਮ ਲੈਥਮ (59) ਨੇ ਵੀ ਅਰਧ ਸੈਂਕੜੇ ਲਾਏ। ਜੇਮਸ ਨੀਸ਼ਮ (24 ਗੇਂਦਾਂ 'ਤੇ 37 ਦੌੜਾਂ) ਅਤੇ ਕੋਲਿਨ ਡਿ ਗ੍ਰੈਂਡਹੋਮ (15 ਗੇਂਦਾਂ 'ਤੇ ਅਜੇਤੂ 37) ਨੇ ਆਖਰੀ ਪਲਾਂ ਵਿਚ ਤੂਫਾਨੀ ਬੱਲੇਬਾਜ਼ੀ ਕਰ ਕੇ ਟੀਮ ਦਾ ਸਕੋਰ 6 ਵਿਕਟਾਂ 'ਤੇ 330 ਦੌੜਾਂ 'ਤੇ ਪਹੁੰਚਾਇਆ। ਟੇਲਰ ਨੇ ਆਪਣੇ ਵਨ ਡੇ ਕਰੀਅਰ ਦਾ 47ਵਾਂ ਅਰਧ ਸੈਂਕੜਾ ਲਾਇਆ ਅਤੇ ਇਸ ਵਿਚਾਲੇ ਉਸ ਨੇ ਇਸ ਸਵਰੂਪ ਵਿਚ ਆਪਣੀ ਦੌੜਾਂ ਦੀ ਗਿਣਤੀ ਨੂੰ 8026 'ਤੇ ਪਹੁੰਚਾਈ। ਉਸ ਨੇ ਫਲੈਮਿੰਗ (8007) ਨੂੰ ਪਿੱਛੇ ਛੱਡਿਆ। ਇਸ 34 ਸਾਲਾ ਬੱਲੇਬਾਜ਼ ਨੇ 203 ਪਾਰੀਆਂ ਵਿਚ 48.34 ਦੀ ਔਸਤ ਨਾਲ ਦੌੜਾਂ ਬਣਾਈਆਂ ਹਨ।ਬੰਗਲਾਦੇਸ਼ ਦੇ ਸਾਹਮਣੇ 331 ਦੌੜਾਂ ਦਾ ਟੀਚਾ ਸੀ ਪਰ ਸ਼ੱਬੀਰ ਰਹਿਮਾਨ (102) ਦੇ ਕਰੀਅਰ ਦੇ ਪਹਿਲੇ ਸੈਂਕੜੇ ਦੇ ਬਾਵਜੂਦ ਉਸ ਦੀ ਟੀਮ 47.2 ਓਵਰਾਂ ਵਿਚ 242 ਦੌੜਾਂ 'ਤੇ ਸਿਮਟ ਗਈ। ਨਿਊਜ਼ੀਲੈਂਡ ਦੇ ਪਿਛਲੇ 6 ਵਨ ਡੇ ਵਿਚੋਂ ਬਾਹਰ ਰਹੇ ਸਾਊਥੀ ਨੇ 65 ਦੌੜਾਂ ਦੇ ਕੇ 6 ਵਿਕਟਾਂ ਲਈਆਂ ਜਦਕਿ ਟ੍ਰੈਂਟ ਬੋਲਟ ਨੇ 37 ਦੌੜਾਂ ਦੇ ਕੇ 2 ਵਿਕਟਾਂ ਹਾਸਲ ਕੀਤੀਆਂ। ਬੰਗਲਾਦੇਸ਼ ਵੱਲੋਂ ਮੁਸਤਫਿਜ਼ੁਰ ਰਹਿਮਾਨ ਸਭ ਤੋਂ ਸਫਲ ਗੇਂਦਬਾਜ਼ ਰਹੇ। ਉਸ ਨੇ 2 ਵਿਕਟਾਂ ਲਈਆਂ ਪਰ ਇਸ ਦੇ ਲਈ ਉਸ ਨੇ 10 ਓਵਰਾਂ ਵਿਚ 93 ਦੌੜਾਂ ਦਿੱਤੀਆਂ।




## ਨਿਊਜ਼ੀਲੈਂਡ ਸੰਸਦ 'ਚ ਪੁਲਵਾਮਾ ਹਮਲੇ ਨੂੰ ਲੈ ਕੇ ਪਾਕਿ ਵਿਰੁੱਧ ਨਿੰਦਾ ਪ੍ਰਸਤਾਵ ਪਾਸ



ਵੈਲਿੰਗਟਨ (ਐੱਨ ਜੈੱਡ ਤਸਵੀਰ ਬਿਊਰੋ) — ਪੁਲਵਾਮਾ ਅੱਤਵਾਦੀ ਹਮਲੇ ਨੂੰ ਲੈ ਕੇ ਦੁਨੀਆ ਭਰ ਦੇ ਦੇਸ਼ ਪਾਕਿਸਤਾਨ ਦੀ ਆਲੋਚਨਾ ਕਰ ਰਹੇ ਹਨ। ਇਸ ਸਿਲਸਿਲੇ ਵਿਚ ਹੁਣ ਨਿਊਜ਼ੀਲੈਂਡ ਦੀ ਸੰਸਦ ਨੇ ਬੁੱਧਵਾਰ ਨੂੰ ਇਸ ਹਮਲੇ ਦੇ ਵਿਰੋਧ ਵਿਚ ਨਿੰਦਾ ਪ੍ਰਸਤਾਵ ਪਾਸ ਕੀਤਾ। ਇਹ ਜਾਣਕਾਰੀ ਨਿਊਜ਼ੀਲੈਂਡ ਦੇ ਵਿਦੇਸ਼ ਮੰਤਰੀ ਵਿੰਸਟਨ ਪੀਟਰਸ ਨੇ ਦਿੱਤੀ। ਪੁਲਵਾਮਾ ਹਮਲੇ ਨੂੰ ਲੈ ਕੇ ਅਮਰੀਕਾ ਨੇ ਵੀ ਪਾਕਿਸਤਾਨ ਨੂੰ ਝਾੜ ਪਾਈ ਹੈ। ਇਸ ਦੇ ਇਲਾਵਾ ਸੰਯੁਕਤ ਰਾਸ਼ਟਰ ਜਨਰਲ ਸਕੱਤਰ ਐਂਟੋਨਿਓ ਗੁਤਾਰੇਸ ਨੇ ਭਾਰਤ ਅਤੇ ਪਾਕਿਸਤਾਨ ਨੂੰ ਅਪੀਲ ਕੀਤੀ ਹੈ ਕਿ ਉਹ ਦੋਹਾਂ ਦੇਸ਼ਾਂ ਵਿਚ ਵੱਧ ਰਹੇ ਤਣਾਅ ਨੂੰ ਘੱਟ ਕਰਨ ਲਈ ਤੁਰੰਤ ਕੋਈ ਕਦਮ ਚੁੱਕਣ। ਇਸ ਦੇ ਨਾਲ ਹੀ ਕਿਹਾ ਕਿ ਜੇਕਰ ਦੋਵੇਂ ਪੱਖ ਰਾਜ਼ੀ ਹੁੰਦੇ ਹਨ ਤਾਂ ਜਨਰਲ ਸਕੱਤਰ ਵਿਚੋਲਗੀ ਲਈ ਹਮੇਸ਼ਾ ਤਿਆਰ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਸੰਯੁਕਤ ਰਾਸ਼ਟਰ ਵਿਚ ਪਾਕਿਸਤਾਨ ਦੇ ਸਥਾਈ ਮਿਸ਼ਨ ਨੇ ਵੀ ਜਨਰਲ ਸਕੱਤਰ ਨਾਲ ਬੈਠਕ ਦੀ ਅਪੀਲ ਕੀਤੀ ਹੈ।

## ਇਰਾਨ 'ਚ ਉਤਰਨ ਲਈ ਕਲੀਅਰੈਂਸ ਨਾ ਮਿਲਣ ਕਾਰਨ ਏਅਰ ਨਿਊਜੀਲੈਂਡ ਦੇ ਜਹਾਜ ਨੂੰ ਵਾਪਿਸ ਪਰਤਣਾ ਪਇਆ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਇਰਾਨ 'ਚ ਉਤਰਨ ਲਈ ਕਲੀਅਰੈਂਸ ਲੈਣ 'ਚ ਅਸਮਰੱਥ ਰਹਿਣ ਤੋਂ ਬਾਅਦ, ਇਕ ਬ੍ਰਾਂਡ ਨਿਊ ਨਿਊਜ਼ੀਲੈਂਡ ਏਅਰਬੱਸ ਹਵਾਈ ਜਹਾਜ਼ ਨੂੰ ਇਸ ਦੇ ਡਿਲੀਵਰੀ ਫਲਾਈਟ ਤੇ ਵਾਪਸ ਜਾਣਾ ਪਿਆ ਹੈ।ਏਅਰਲਾਈਨ ਨੇ ਦੱਸਿਆ ਹੈ ਕਿ ਇਰਾਨ ਦੇ ਹਵਾਈ ਖੇਤਰ ਵਿੱਚ ਦਾਖਲ ਹੋਣ ਲਈ ਲੋੜੀਂਦੇ ਕਾਗਜ਼ਾਤ ਸਮੇਂ ਵਿੱਚ ਨਹੀਂ ਮਿਲੇ ਅਤੇ ਜਹਾਜ ਨੇ ਹੈਮਬਰਗ ਵਾਪਸ ਜਾਣਾ ਪਇਆ। ਏਅਰ ਨਿਊਜ਼ੀਲੈਂਡ ਨੇ ਅੱਜ ਇਕ ਬਿਆਨ ਵਿਚ ਕਿਹਾ, "ਇਸ ਮਾਮਲੇ ਵਿਚ, ਡਿਲਵਰੀ ਪ੍ਰਕਿਰਿਆ ਵਿਚ ਆਖਰੀ ਮਿੰਟ ਦੀ ਦੇਰੀ ਦਾ ਮਤਲਬ ਹੈ ਕਿ ਓਮਾਨ ਵਿਚ ਸਮੇਂ ਸਿਰ ਪਹੁੰਚਣ ਲਈ ਸਾਨੂੰ ਹੈਮਬਰਗ ਤੋਂ ਰਵਾਨਾ ਹੋਣ ਤੋਂ ਪਹਿਲਾਂ ਈਰਾਨੀ ਕਲੀਅਰੈਂਸ ਕਾਗਜ਼ੀ ਕਾਰਵਾਈ ਪ੍ਰਾਪਤ ਹੋ ਜਾਣੇ ਜ਼ਰੂਰੀ ਸਨ। "ਸਾਡੇ ਡਲਿਵਰੀ ਫਲਾਈਟ ਨਿਯੋਜਨ ਏਜੰਟ ਨੇ ਸਾਨੂੰ ਯਕੀਨ ਦਿਵਾਇਆ ਸੀ ਕਿ ਇਰਾਨ ਦੀ ਕਲੀਅਰੈਂਸ ਕਾੱਰਵਾਈਫਾਰਮ ਉਡਾਨ ਦੇ ਦੌਰਾਨ ਆਵੇਗੀ. ਬਦਕਿਸਮਤੀ ਨਾਲ ਇਹ ਸਮੇਂ ਵਿੱਚ ਨਹੀਂ ਮਿਲਿਆ ਸੀ ਅਤੇ ਫੈਸਲਾ ਹੈਮਬਰਗ ਵਾਪਸ ਜਾਣ ਦਾ ਕਰਨਾ ਪਇਆ। ਇਸ ਮਹੀਨੇ ਦੂਜੀ ਵਾਰ ਹੈ ਕਿ ਏਅਰ ਨਿਊਜ਼ੀਲੈਂਡ ਦੀ ਫਲਾਈਟ ਨੂੰ ਕਗਾਜੀ ਕਾਰਵਾਈਆ ਨਾ ਹੋਣ ਕਾਰਨ ਵਪਿਸ ਮੁੜਨਾ ਪਇਆ ਹੋਵੇ । ਇਸ ਤੋਂ ਪਹਿਲਾ ਸ਼ੰਘਾਈ ਵਿਚ 10 ਫਰਵਰੀ ਨੂੰ ਵੀ ਅਜਿਹਾ ਹੀ ਮਾਮਲਾ ਦੇਖਣ ਨੂੰ ਮਿਲਿਆ ਸੀ।

## 15 ਭਾਰਤੀ ਕੰਪਨੀਆਂ ਨੇ ਸਾਊਦੀ ਅਰਬ ਚ ਨਿਵੇਸ਼ ਦਾ ਕੀਤਾ ਸਮਝੌਤਾ

ਟਾਟਾ ਕੰਸਲਟੇਂਸੀਸਰਵਿਸਜ਼ (ਟੀ.ਸੀ.ਐੱਸ.), ਵਿਪਰੋ, ਕਾਰਨਿਵਲ ਸਿਨੇਮਾ ਅਤੇ ਗਲੇਨਮਾਰਕ ਸਮੇਤ 15 ਭਾਰਤੀ ਕੰਪਨੀਆਂ ਨੇ ਸਾਊਦੀ ਅਰਬ 'ਚ ਨਿਵੇਸ਼ ਲਈ ਬੁੱਧਵਾਰ ਨੂੰ ਕਰਾਰ ਕੀਤਾ। ਸਾਊਦੀ ਅਰਬਿਅਨ ਜਨਰਲ ਇੰਵੈਸਟਮੈਂਟ ਅਥਾਰਟੀ (ਐੱਸ.ਏ.ਜੀ.ਆਈ.ਏ.) ਨੇ ਬਿਆਨ ਜਾਰੀ ਕਰ ਕਿਹਾ ਕਿ ਸਾਊਦੀ-ਭਾਰਤ ਮੰਚ 'ਚ ਵੱਖ-ਵੱਖ ਖੇਤਰਾਂ ਦੀ ਸਾਂਝੇਦਾਰੀ ਲਈ 11 ਐੱਮ.ਓ.ਯੂ. 'ਤੇ ਦਸਤਖਤ ਕੀਤੇ ਗਏ। ਇਸ ਤੋਂ ਇਲਾਵਾ 2.8 ਕਰੋੜ ਡਾਲਰ ਤੋਂ ਵੱਧ ਚਾਰ ਲਾਈਸੰਸਾਂ ਨੂੰ ਭਾਰਤੀ ਕੰਪਨੀਆਂ ਨੂੰ ਸੌਂਪਿਆ ਗਿਆ। ਬਿਆਨ 'ਚ ਕਿਹਾ ਗਿਆ ਹੈ ਕਿ ਇਨ੍ਹਾਂ ਐਲਾਨਾਂ 'ਚ ਊਰਜਾ ਅਤੇ ਜਲ ਸਮੇਤ ਰਣਨੀਤਿਕ ਵਿਕਾਸ ਦੇ ਖੇਤਰਾਂ ਸਮੇਤ ਤਕਨਾਲੋਜੀ, ਕਲਾ ਅਤੇ ਮਨੋਰੰਜਨ, ਸਿਹਤ ਸੰਭਾਲ, ਵਪਾਰ ਅਤੇ ਨਿਵੇਸ਼ ਨਾਲ ਜੁੜੀ ਭਾਗੀਦਾਰੀ ਦੇ ਕਈ ਖੇਤਰ ਸ਼ਾਮਲ ਹਨ।

## ਇੰਮੀਗ੍ਰੇਸ਼ਨ ਕੈਦੀਆਂ ਨੂੰ ਜ਼ਬਰੀ ਭੋਜਨ ਖਵਾਉਣ ਦੇ ਵਿਰੋਧ ਚ ਉੱਠੀ ਜਾਂਚ ਦੀ ਮੰਗ

ਵਾਸ਼ਿੰਗਟਨ— ਅਮਰੀਕੀ ਅਧਿਕਾਰੀਆਂ ਵਲੋਂ ਇੰਮੀਗ੍ਰੇਸ਼ਨ ਹਿਰਾਸਤ ਕੇਂਦਰਾਂ 'ਚ ਭੁੱਖ ਹੜਤਾਲ ਕਰ ਰਹੇ ਕੈਦੀਆਂ ਨੂੰ ਜ਼ਬਰਦਸਤੀ ਭੋਜਨ ਖਿਲਾਉਣ ਦੀਆਂ ਖਬਰਾਂ 'ਤੇ ਭਾਰਤੀ ਮੂਲ ਦੇ ਤਿੰਨ ਡੈਮੋਕ੍ਰੇਟਿਕ ਸੰਸਦ ਮੈਂਬਰਾਂ ਸਣੇ 40 ਤੋਂ ਜ਼ਿਆਦਾ ਸੰਸਦ ਮੈਂਬਰਾਂ ਨੇ ਇਸ ਦੀ ਜਾਂਚ ਦੀ ਮੰਗ ਕੀਤੀ ਹੈ, ਜਿਨ੍ਹਾਂ ਕੈਦੀਆਂ ਨੂੰ ਜ਼ਬਰਦਸਤੀ ਖਾਣਾ ਖਿਲਾਇਆ ਗਿਆ ਹੈ ਤੇ ਉਨ੍ਹਾਂ 'ਚ ਕੁਝ ਭਾਰਤੀ ਵੀ ਸ਼ਾਮਲ ਹਨ। ਯੂ.ਐੱਸ. ਇੰਮੀਗ੍ਰੇਸ਼ਨ ਤੇ ਕਸਟਮਸ ਐਨਫੋਰਸਮੈਂਟ ਦੇ ਅਧਿਕਾਰੀਆਂ ਵਲੋਂ ਭਾਰਤੀਆਂ ਸਣੇ 13 ਇੰਮੀਗ੍ਰੇਸ਼ਨ ਕੈਦੀਆਂ ਨੂੰ ਨੱਕ 'ਚ ਨਲੀ ਪਾ ਕੇ ਉਨ੍ਹਾਂ ਦੀ ਇੱਛਾ ਤੋਂ ਬਿਨਾਂ ਜ਼ਬਰਦਸਤੀ ਭੋਜਨ ਪਦਾਰਥ ਦਿੱਤਾ ਗਿਆ। ਇਹ ਕੈਦੀ ਇਸ ਮਹੀਨੇ ਦੇ ਸ਼ੁਰੂ 'ਚ ਟੈਕਸਾਸ ਸਥਿਤ ਇੰਮੀਗ੍ਰੇਸ਼ਨ ਹਿਰਾਸਤ ਕੇਂਦਰਾਂ 'ਚ ਤਰਸਯੋਗ ਹਾਲਾਤ ਦੇ ਵਿਰੋਧ 'ਚ ਭੁੱਖ ਹੜਤਾਲ 'ਤੇ ਚਲੇ ਗਏ। ਸੰਸਦ ਮੈਂਬਰਾਂ ਨੇ ਮੰਗਲਵਾਰ ਨੂੰ ਇਕ ਬਿਆਨ 'ਚ ਕਿਹਾ ਕਿ ਕਾਂਗਰਸ ਮੈਂਬਰ ਸੁਜੈਨ ਬੋਨਾਮਿਕੀ ਤੇ ਵੇਰੋਨਿਰਾ ਐਸਕੋਬਾਰ ਦੀ ਅਗਵਾਈ 'ਚ 47 ਸੰਸਦ ਮੈਂਬਰਾਂ ਨੇ ਗ੍ਰਹਿ ਸੁਰੱਖਿਆ ਵਿਭਾਗ ਦਫਤਰ ਦੇ ਆਈ.ਜੀ. ਨੂੰ ਆਈ.ਸੀ.ਈ. ਹਿਰਾਸਤ ਕੇਂਦਰਾਂ 'ਚ ਸਥਿਤੀਆਂ ਦੀ ਜਾਂਚ ਕਰਨ ਲਈ ਕਿਹਾ ਹੈ।

## ਦੁਬਈ: 2 ਭਾਰਤੀ ਭਰਾਵਾਂ ਵਲੋਂ ਸ਼ਹੀਦਾਂ ਦੇ ਪਰਿਵਾਰਾਂ ਲਈ 1 ਕਰੋੜ ਦੀ ਮਦਦ ਦਾ ਐਲਾਨ




ਦੁਬਈ— ਦੁਬਈ 'ਚ ਭਾਰਤੀ ਮੂਲ ਦੇ ਦੋ ਭਰਾਵਾਂ ਨੇ ਪੁਲਵਾਮਾ ਅੱਤਵਾਦੀ ਹਮਲੇ 'ਚ ਸ਼ਹੀਦ ਸੀ.ਆਰ.ਪੀ.ਐੱਫ. ਦੇ 40 ਜਵਾਨਾਂ ਦੇ ਪਰਿਵਾਰਾਂ ਨੂੰ ਇਕ ਕਰੋੜ ਰੁਪਏ ਦੀ ਆਰਥਿਕ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਪਾਕਿਸਤਾਨ ਸਥਿਤ ਅੱਤਵਾਦੀ ਸਮੂਹ ਜੈਸ਼-ਏ-ਮੁਹੰਮਦ ਨੇ ਇਸ ਹਮਲੇ ਦੀ ਜ਼ਿੰਮੇਦਾਰੀ ਲਈ ਹੈ। ਇਕ ਬਿਆਨ ਮੁਤਾਬਕ ਦੁਬਈ ਸਥਿਤ ਰੀਅਲ ਅਸਟੇਟ ਕੰਪਨੀ ਜੇਮਿਨੀ ਗਰੁੱਪ ਦੇ ਸੁਧਾਕਰ ਰਾਵ ਤੇ ਪ੍ਰਭਾਕਰ ਰਾਵ ਨੇ ਭਾਰਤ ਸਰਕਾਰ ਰਾਹੀਂ ਸ਼ਹੀਦ ਜਵਾਨਾਂ ਦੇ ਪਰਿਵਾਰਾਂ ਨੂੰ 5 ਲੱਖ ਦਿਰਹਮ ਦੇਣ ਦਾ ਐਲਾਨ ਕੀਤਾ ਹੈ। ਭਰਾਵਾਂ ਨੇ ਕਿਹਾ ਕਿਹਾ ਕਿ ਉਹ ਆਪਣੇ ਸੰਗਠਨ ਦੇ ਆਰਥਿਕ ਸੰਸਥਾਨਾਂ ਦੇ ਇਕ ਹਿੱਸੇ ਨੂੰ ਸ਼ਹੀਦ ਦੇ ਪਰਿਵਾਰਾਂ ਦੀ ਭਲਾਈ ਲਈ ਸਮਰਪਿਤ ਕਰਨਗੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸਹਿਨਸ਼ੀਲਤਾ ਦੇ ਇਸ ਸਾਲ 'ਚ ਆਓ ਅਸੀਂ ਦੁਨੀਆਭਰ 'ਚ ਸ਼ਾਂਤੀ ਤੇ ਭਾਈਚਾਰੇ ਦੀ ਪ੍ਰਾਰਥਨਾ ਕਰੀਏ ਤੇ ਸ਼ਾਂਤੀ ਨੂੰ ਉਤਸ਼ਾਹਿਤ ਕਰਨ 'ਚ ਮਦਦ ਕਰੀਏ ਤਾਂ ਕਿ ਕਿਸੇ ਫੌਜੀ 'ਤੇ ਹਮਲਾ ਨਾ ਹੋਵੇ ਤੇ ਕਿਸੇ ਵੀ ਬੱਚੇ ਦੇ ਸਿਰ ਤੋਂ ਪਿਤਾ ਦਾ ਸਾਇਆ ਨਾ ਉੱਠੇ। ਭਾਰਤ ਦੇ ਵਣਜ ਦੂਤ ਵਿਪੁਲ ਨੇ ਕਾਰੋਬਾਰੀ ਭਰਾਵਾਂ ਦੀ ਪਹਿਲ ਦਾ ਸਵਾਗਤ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਸਾਡੇ ਸੁਰੱਖਿਆ ਬਲ ਸਾਨੂੰ ਸੁਰੱਖਿਅਤ ਤੇ ਮਹਿਫੂਜ਼ ਰੱਖਦੇ ਹਨ ਅਤੇ ਸਾਡੀ ਵੀ ਡਿਊਟੀ ਬਣਦੀ ਹੈ ਕਿ ਅਸੀਂ ਹਰ ਮੁਮਕਿਨ ਤਰੀਕੇ ਨਾਲ ਉਨ੍ਹਾਂ ਦੀ ਮਦਦ ਕਰੀਏ।

## ਆਪਣੇ ਕਰਮਚਾਰੀਆਂ ਦੀ ਸਾਲਾਨਾ ਕਮਾਈ ਦੇ ਬਰਾਬਰ 1 ਮਿੰਟ ਚ ਕਮਾ ਲੈਂਦੇ ਹਨ ਵਾਲਮਾਰਟ ਦੇ ਮਾਲਕ




ਵਾਲਮਾਰਟ ਦੇ ਕਰਮਚਾਰੀਆਂ ਦੀ ਔਸਤ ਸਾਲਾਨਾ ਕਮਾਈ ਇਸ ਵਿਸ਼ਾਲ ਰਿਟੇਲ ਚੇਨ ਦੇ ਮਾਲਿਕਾਨਾ ਹੱਕ ਵਾਲੇ ਵਾਲਟਨ ਪਰਿਵਾਰ ਦੀ ਇਕ ਮਿੰਟ ਦੀ ਕਮਾਈ ਤੋਂ ਘੱਟ ਹੁੰਦੀ ਹੈ। 2020 ਲਈ ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਬਰਨੀ ਸੈਂਡਰਸ ਨੇ ਮਾਲਕਾਂ ਅਤੇ ਕਰਮਚਾਰੀਆਂ ਦੀ ਆਮਦਨ ਵਿਚਕਾਰ ਦੇ ਫਰਕ 'ਤੇ ਟਵੀਟ ਕੀਤਾ ਤਾਂ ਵਾਸ਼ਿੰਗਟਨ ਪੋਸਟ ਨੇ ਇਸਦੇ ਵਿਸ਼ਲੇਸ਼ਣ ਲਈ ਅੰਕੜੇ ਇਕੱਠੇ ਕੀਤੇ। ਵਾਲਟਨ ਪਰਿਵਾਰ ਦਾ ਵਾਲਮਾਰਟ ਵਿਚ 51.11 ਫੀਸਦੀ ਹਿੱਸਾ ਹੈ ਜਿਸਦਾ ਮਤਲਬ ਹੈ ਕਿ ਕੰਪਨੀ ਦੇ ਕੁੱਲ 2 ਅਰਬ, 95 ਕਰੋੜ, 24 ਲੱਖ, 78 ਹਜ਼ਾਰ 528 ਸ਼ੇਅਰਾਂ ਵਿਚੋਂ 1 ਅਰਬ 59 ਕਰੋੜ 89 ਲੱਖ 65 ਹਜ਼ਾਰ 874 ਸ਼ੇਅਰ ਵਾਲਟਨ ਪਰਿਵਾਰ ਕੋਲ ਹਨ। ਹੁਣ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਕੰਪਨੀ ਨੇ ਪਿਛਲੇ ਸਾਲ 2.08 ਡਾਲਰ ਪ੍ਰਤੀ ਸ਼ੇਅਰ ਲਾਭ ਅੰਸ਼ ਦਾ ਐਲਾਨ ਕੀਤਾ ਤਾਂ ਵਾਲਟਨ ਪਰਿਵਾਰ ਨੂੰ ਕਰੀਬ-ਕਰੀਬ 3.14 ਅਰਬ ਡਾਲਰ ਸਿਰਫ ਲਾਭ ਅੰਸ਼ ਦੇ ਰੂਪ ਵਿਚ ਮਿਲਿਆ।

**ਕਿਸਦੀ ਕਿੰਨੀ ਕਮਾਈ ?**

ਪੰਜ ਦਿਨਾਂ ਤੱਕ ਕੰਮ ਅਤੇ ਦੋ ਦਿਨਾਂ ਦੀ ਛੁੱਟੀ ਨਾਲ ਰੋਜ਼ਾਨਾ 8 ਘੰਟੇ ਦੇ ਹਿਸਾਬ ਨਾਲ ਹਫਤੇ ਵਿਚ ਕੁੱਲ 40 ਘੰਟੇ ਦਾ ਕੰਮ ਹੁੰਦਾ ਹੈ। ਇਸ ਦੇ ਮੱਦੇਨਜ਼ਰ ਵਾਲਟਨ ਪਰਿਵਾਰ ਦੀ ਪ੍ਰਤੀ ਘੰਟੇ 15.10 ਲੱਖ ਡਾਲਰ ਅਤੇ ਪ੍ਰਤੀ ਮਿੰਟ 25,149 ਡਾਲਰ ਦੀ ਕਮਾਈ ਹੁੰਦੀ ਹੈ। ਮਜ਼ੇਦਾਰ ਗੱਲ ਇਹ ਹੈ ਕਿ ਵਾਲਮਾਰਟ ਵਿਚ ਹਫਤੇ 'ਚ 40 ਘੰਟੇ ਦੀ ਬਜਾਏ 34 ਘੰਟੇ ਦਾ ਹੀ ਫੁੱਲ ਟਾਈਮ ਵਰਕ ਹੁੰਦਾ ਹੈ। ਵਾਲਮਾਰਟ ਯੂਨੀਅਨ ਦੀ ਵੈਬਸਾਈਟ 'ਤੇ ਦੱਸਿਆ ਗਿਆ ਹੈ ਕਿ ਕੰਪਨੀ ਕਰਮਚਾਰੀਆਂ ਨੂੰ ਪ੍ਰਤੀ ਘੰਟੇ 9 ਡਾਲਰ ਦਿੰਦੀ ਹੈ। ਇਸਦਾ ਮਤਲਬ ਹੈ ਕਿ ਵਾਲਮਾਰਟ ਦਾ ਕਰਮਚਾਰੀ 34 ਘੰਟੇ ਪ੍ਰਤੀ ਹਫਤੇ ਦੇ ਹਿਸਾਬ ਨਾਲ ਸਾਲ ਭਰ ਵਿਚ 16 ਡਾਲਰ ਕਮਾਉਂਦਾ ਹੈ। ਤਨਖਾਹ ਦਾ ਤੁਲਨਾਤਮਕ ਅਧਿਐਨ ਕਰਨ ਵਾਲੀ ਅਮਰੀਕੀ ਕੰਪਨੀ ਪੇਸਕੇਲ ਦਾ ਕਹਿਣਾ ਹੈ ਕਿ ਵਾਲਮਾਰਟ ਦੇ ਔਸਤ ਕਰਮਚਾਰੀ ਪ੍ਰਤੀ ਘੰਟੇ ਦੇ ਹਿਸਾਬ ਨਾਲ 12 ਡਾਲਰ ਕਮਾਉਂਦੇ ਹਨ ਜਿਨ੍ਹਾਂ ਵਿਚ ਮੈਨੇਜਰ ਸਕੇਲ ਦੇ ਵੀ ਕਰਮਚਾਰੀ ਸ਼ਾਮਲ ਹਨ। ਹਾਲਾਂਕਿ ਕੰਪਨੀ ਔਸਤਨ 11 ਡਾਲਰ ਪ੍ਰਤੀ ਘੰਟੇ ਦਾ ਦਾਅਵਾ ਕਰਦੀ ਹੈ। ਇਸ ਦੇ ਮੁਤਾਬਕ ਜੇਕਰ ਅਮਰੀਕੀ ਕਾਨੂੰਨ ਦੇ ਤਹਿਤ ਵਧ ਤੋਂ ਵਧ 40 ਘੰਟੇ ਪ੍ਰਤੀ ਹਫਤੇ ਦੇ ਹਿਸਾਬ ਨਾਲ ਤਨਖਾਹ ਨਿਰਧਾਰਨ ਕਰੀਏ ਤਾਂ ਵਾਲਮਾਰਟ ਕਰਮਚਾਰੀ ਸਾਲਾਨਾ 22,880 ਡਾਲਰ ਕਮਾਉਂਦੇ ਹਨ।

**ਘੱਟ ਕਮਾਈ ਵਾਲਿਆਂ ਨੂੰ ਟੈਕਸ**

ਸਭ ਤੋਂ ਜ਼ਿਆਦਾ ਹੈਰਾਨੀ ਵਾਲੀ ਗੱਲ ਇਹ ਹੈ ਕਿ ਅਮਰੀਕਾ ਵਿਚ ਡਿਵੀਡੈਂਡ ਤੋਂ ਹੋਈ ਕਮਾਈ 'ਤੇ ਤਨਖਾਹ ਜਾਂ ਮਜ਼ਦੂਰੀ ਦੀ ਕਮਾਈ ਦੇ ਮੁਕਾਬਲੇ ਬਹੁਤ ਘੱਟ ਦਰ ਨਾਲ ਟੈਕਸ ਵਸੂਲਿਆ ਜਾਂਦਾ ਹੈ। ਅਮਰੀਕਾ ਵਿਚ 6 ਲੱਖ 12 ਹਜ਼ਾਰ ਡਾਲਰ ਤੋਂ ਜ਼ਿਆਦਾ ਦੀ ਸਾਲਾਨਾ ਆਮਦਨ 'ਤੇ 37 ਫੀਸਦੀ ਜਦੋਂਕਿ ਡਿਵੀਡੈਂਡ ਆਮਦਨ 'ਤੇ ਸਿਰਫ 20 ਫੀਸਦੀ ਟੈਕਸ ਲਾਗੂ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਜ਼ਿਆਦਾਤਰ ਕਰਮਚਾਰੀਆਂ ਦੀ ਤਨਖਾਹ ਇੰਨੀ ਹੁੰਦੀ ਹੈ ਕਿ ਉਹ ਟੈਕਸ ਦੇ ਦਾਇਰੇ ਵਿਚ ਆਉਂਦੇ ਹੀ ਨਹੀਂ। ਹਾਲਾਂਕਿ ਵਾਲਮਾਰਟ ਕਰਮਚਾਰੀਆਂ ਨੂੰ 6.2 ਫੀਸਦੀ ਦਾ ਸਮਾਜਿਕ ਸੁਰੱਖਿਆ ਕਵਰ(Social securities tax) ਦੇਣਾ ਪੈਂਦਾ ਹੈ ਜਦੋਂਕਿ ਵਾਲਟਨ ਪਰਿਵਾਰ ਇਸ ਟੈਕਸ ਤੋਂ ਮੁਕਤ ਹੈ। ਇਸ ਦਾ ਕਾਰਨ ਇਹ ਹੈ ਕਿ ਵਾਲਟਨ ਪਰਿਵਾਰ ਦੀ ਆਮਦਨ 1 ਲੱਖ 32 ਹਜ਼ਾਰ ਡਾਲਰ ਤੋਂ ਜ਼ਿਆਦਾ ਹੈ ਜਿਹੜੇ ਸੋਸ਼ਲ ਸਕਿਊਰਿਟੀ ਟੈਕਸ ਤੋਂ ਮੁਕਤੀ ਦਾ ਪੈਮਾਨਾ ਹੈ।